# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

www.chandigarh.gov.in

# ਪ੍ਰੈਸ ਨੋਟ

ਚੰਡੀਗੜ੍ਹ, ਮਾਰਚ 15:- ਚੰਡੀਗੜ੍ਹ ਪ੍ਰਸ਼ਾਸਨ ਦੀ ਪਹਿਲ 'ਚੰਡੀਗੜ੍ਹ ਆਈਟੀ ਰੀਚ ਆਊਟ ਪ੍ਰੋਗਰਾਮ (ਸਿਟਰੋਪ)' ਦੁਆਰਾ ਬਦਲਾਅ ਦੀ ਨਵੀਂ ਕਹਾਣੀ ਲਿਖੀ ਜਾ ਰਹੀ ਹੈ। ਮਨੀਮਾਜ਼ਰਾ ਦੇ ਮਦਰਸੇ ਵਿਚ ਪੜ੍ਹਨ ਵਾਲੇ 5ਵੀਂ ਅਤੇ 8ਵੀਂ ਕਲਾਸ ਦੇ 50 ਤੋਂ ਅਧਿਕ ਵਿਦਿਆਰਥੀ, ਜੋ ਪਹਿਲਾਂ ਅੰਗਰੇਜ਼ੀ ਬੋਲਦੇ ਹੋਏ ਸ਼ਰਮਾਉਂਦੇ ਸਨ, ਹੁਣ ਨਾ ਕੇਵਲ ਅੰਗਰੇਜ਼ੀ ਬੋਲ ਅਤੇ ਸਮਝ ਸਕਦੇ ਹਨ ਬਲਕਿ ਕੰਪਿਊਟਰ ਚਲਾਉਣਾ ਵੀ ਸਿੱਖ ਚੁੱਕੇ ਹਨ। ਪ੍ਰਸ਼ਾਸਨ ਦੁਆਰਾ ਮੁਸਲਮ ਸਮੁਦਾਏ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਕੌਸ਼ਲ ਨਾਲ ਯੁਕਤ ਬਣਾਉਣ ਲਈ ਬਿਨਾਂ ਕਿਸੇ ਸ਼ੁਲਕ ਦੇ ਆਈਟੀ ਅਤੇ ਸੰਚਾਰ ਸਿੱਖਿਆ ਦਿੱਤੀ ਜਾ ਰਹੀ ਹੈ। ਮਨੀਮਾਜ਼ਰਾ ਦੇ ਮਦਰਸੇ ਵਿਚ 250 ਤੋਂ ਅਧਿਕ ਵਿਦਿਆਰਥੀ ਸ਼ਾਮਿਲ ਹਨ।

ਆਈਟੀ ਨਿਰਦੇਸ਼ਕ ਸ਼੍ਰੀ ਐਮ.ਐਸ. ਬਰਾੜ ਨੇ ਦੱਸਿਆ, ' ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਵਿਚ ਕੌਸ਼ਲ ਅਤੇ ਆਤਮਵਿਸ਼ਵਾਸ਼ ਦਾ ਵਿਕਾਸ ਕਰਨਾ ਹੈ ਤਾਂਕਿ ਇਹ ਵਿਦਿਆਰਥੀ ਜੀਵਨ ਦੀਆਂ ਚਣੌਤੀਆਂ ਦਾ ਮੁਕਾਬਲਾ ਕਰ ਸਕਣ। ਇਹ ਮੈਰਾਥਨ ਹੈ ਕੋਈ ਸਪ੍ਰਿੰਟ ਨਹੀਂ। ਵਾਸਤਵ ਵਿਚ ਅਕੁਸ਼ਲ ਕਾਰਮਚਾਰੀ ਅਰਥਵਿਵਸਥਾ ਵਿਚ ਡ੍ਰੇਨ ਦੇ ਸਮਾਨ ਹੈ।' ਸ਼੍ਰੀ ਬਰਾੜ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੇ ਅੰਤਰਗਤ ਸਭਤੋਂ ਪਹਿਲਾਂ

ਵਿਦਿਆਰਥੀਆਂ ਦੀ ਅੰਗਰੇਜ਼ੀ ਭਾਸ਼ਾ ਦੀ ਬੁਨਿਆਦੀ ਸਮਝ ਵਿਚ ਸੁਧਾਰ ਤੇ ਕੰਮ ਕੀਤਾ ਜਾਂਦਾ ਹੈ। ਕੋਰਸਾਂ ਦੀ ਸਮਾਪਤੀ ਦੇ ਦੌਰਾਨ ਉਹਨਾਂ ਦਾ ਟੈਸਟ ਲਿਆ ਜਾਂਦਾ ਹੈ ਜਿਸਦੇ ਬਾਦ ਉਹਨਾਂ ਨੂੰ ਸੀ-ਟਾਸ ਪ੍ਰੋਗਰਾਮ ਦੀ ਟ੍ਰੇਨਿੰਗ ਦੇ ਲਈ ਦਾਖਲਾ ਦਿੱਤਾ ਜਾਂਦਾ ਹੈ।

ਯੂਟੀ ਵਿੱਤ ਅਤੇ ਆਈਟੀ ਸਕੱਤਰ ਸ਼੍ਰੀ ਸੰਜੇ ਕੁਮਾਰ ਨੇ ਦੱਸਿਆ ਕਿ ਕੰਪਨੀਆਂ ਦੇ ਵਿਸ਼ਵ ਪੱਧਰ ਤੇ ਫੈਲਣ ਕਾਰਨ ਕੁਸ਼ਲ ਕਰਮਚਾਰੀਆਂ ਦੀ ਜਰੂਰਤ ਵਧਦੀ ਜਾ ਰਹੀ ਹੈ। ਕਿਸੇ ਵੀ ਰੁਜ਼ਗਾਰ  ਦੇ ਲਈ ਪੇਸ਼ੇਵਰ ਯੋਗਤਾ ਪ੍ਰਾਪਤ ਕਰਨਾ ਬਹੁਤ ਜਰੂਰੀ ਹੈ ਇਸ ਲਈ ਨੌਜਵਾਨਾਂ ਨੂੰ ਉਚਿਤ ਕੌਸ਼ਲ ਨਾਲ ਯੁਕਤ ਹੋਣਾ ਚਾਹੀਦਾ ਹੈ।

ਮਦਰਸਾ ਦੇ ਪ੍ਰਧਾਨ ਮੁਹੰਮਦ ਇਮਰਾਨ ਨੇ ਦੱਸਿਆ ਕਿ ਅਸੀਂ ਮਦਰਸਾ ਨੂੰ ਇੱਕ ਮਾਡਲ ਸਕੂਲ ਬਣਾਉਣ ਦੀ ਯੋਜਨਾ ਤੇ ਕੰਮ ਕਰ ਰਹੇ ਹਾਂ ਤਾਂਕਿ ਵਿਦਿਆਰਥੀਆਂ ਦੇ ਕੌਸ਼ਲ ਵਿਚ ਵਾਧਾ ਕੀਤਾ ਜਾ ਸਕੇ ਅਤੇ ਉਹ ਚੰਡੀਗੜ੍ਹ ਦੇ ਕਿਸੇ ਵੀ ਸਕੂਲ ਦੇ ਬੱਚਿਆਂ ਨਾਲ ਮੁਕਾਬਲਾ ਕਰਨ ਦੇ ਕਾਬਲ ਹੋ ਸਕਣ।

ਯੂਟੀ ਪ੍ਰਸ਼ਾਸਨ ਦੁਆਰਾ ਸਾਲ 2007 ਵਿਚ ਇਨਫੋਸਿਸ ਅਤੇ ਸਪਿਕ ਦੇ ਸਹਿਯੋਗ ਨਾਲ ਸਿਟਰੋਪ ਆਰੰਭ ਕੀਤਾ ਗਿਆ ਸੀ ਅਤੇ ਮਦਰਸਾ ਵਿਚ ਲਾਗੂ ਕੀਤਾ ਗਿਆ ਸੀ। ਇਮਰਾਨ ਨੇ ਦੱਸਿਆ ਕਿ ਪ੍ਰੋਗਰਾਮ ਦੀ ਸਫਲਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਵਿਦਿਆਰਥੀਆਂ ਵਿਚ ਅੰਗਰੇਜ਼ੀ ਭਾਸ਼ਾ ਅਤੇ ਕੰਪਿਊਟਰਾਂ ਨੂੰ ਸਿੱਖਣ ਦੀ ਉਤਸੁਕਤਾ ਵੱਧ ਰਹੀ ਹੈ। ਇਸਨੂੰ ਦੇਖਦੇ ਹੋਏ ਅਸੀਂ ਵਿਦਿਆਰਥੀਆਂ ਨੂੰ ਦੋ ਬੈਚਾਂ ਵਿਚ ਵੰਡ ਦਿੱਤਾ ਹੈ ਅਤੇ ਭਿੰਨ ਭਿੰਨ ਸਮੇਂ ਤੇ ਆਉਣ ਲਈ ਕਿਹਾ ਹੈ।

ਸ਼੍ਰੀ ਬਰਾੜ ਨੇ ਦੱਸਿਆ ਕਿ ਪ੍ਰੋਗਰਾਮ ਨੂੰ ਸ਼ੁਰੂ ਕਰਨ ਤੋਂ ਲੈਕੇ ਹੁਣ ਤੱਕ ਯੂਟੀ ਪ੍ਰਸ਼ਾਸਨ ਨੇ ਸਾਲ 2007-08 ਵਿਚ 4.25 ਲੱਖ ਰੁਪਏ, 2008-09 ਵਿਚ 5.88 ਲੱਖ ਰੁਪਏ ਅਤੇ ਸਾਲ 2009-10 ਵਿਚ ਦਸੰਬਰ, 2009 ਤੱਕ 3.59 ਲੱਖ ਰੁਪਏ ਖਰਚ ਕੀਤੇ ਗਏ ਹਨ। ਹੁਣ ਤੱਕ ਸ਼ੋਸ਼ਿਤ ਵਰਗ ਨਾਲ ਸਬੰਧਿਤ ਕੁਲ 2000 ਵਿਦਿਆਰਥੀਆਂ ਨੂੰ ਸਿੱਖਿਅਤ ਕੀਤਾ ਜਾ ਚੁੱਕਾ ਹੈ।